# ਗਰਿੱਡ ਸਬ ਸਟੇਸ਼ਨ ਇੰਮਪਲਾਈਜ਼ ਯੂਨੀਅਨ ਪੰਜਾਬ

## ( ਪਾਵਰ ਕਾਮ ਤੇ ਟਰਾਸਕੋ)

## ਰਜਿ: 24

Krishan Bhardwaj General Secretary Grid S/S Emplpyees Union Punjab Powr com and Transco Regd.24
Monile No. 96461-24760 ,96461-14011 96461-31143 96460-56571

---

ਰੈਫ: ਨੰਬਰ ਸਪੈਸਲ 255/ਜੀਐਸਐਸਪ੍ਰ ਮਿਤੀ 22/11/2021

ਸੇਵਾ ਵਿਖੇ

ਮਾਨਯੋਗ ਸ੍ਰੀ

-------------------

-------------------

ਵਿਸ਼ਾ: ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ ਮਨੇਜਮੇਟ ਵਲੋ ਬਿਜਲੀ ਮੁਲਾਜਮਾ ਦੀਆ ਜਾਇਜ ਮੰਗਾਂ ਮੰਨ ਕੇ ਲਾਗੂ ਨਾ ਕਰਨ, ਕਾਰਨ ਪੰਜਾਬ ਅੰਦਰ 15/11/2021 ਤੋ ਫੀਲਡ ਤੇ ਗਰਿੱਡਾਂ ਦੇ ਮੁਲਾਜਮ ਲਗਾਤਾਰ ਹੜਤਾਲ ਤੇ ਚੱਲ ਰਹੇ ਹਨ , ਮਨੇਜਮੇਟ ਕੁੱਝ ਵੀ ਨਹੀ ਕਰ ਰਹੀ , ਪੰਜਾਬ ਅੰਦਰ ਟਕਰਾਅ ਤੇ ਬਲੈਕ ਆਉਟ ਦੇ ਹਾਲਾਤ ਬਣਦੇ ਜਾ ਰਹੇ ਹਨ,ਬਿਜਲੀ ਮੁਲਾਜਮਾ ਦੀਆ ਜਾਇਜ ਮੰਗਾਂ ਨੂੰ ਤੁਰੰਤ ਲਾਗੂ ਕਰਵਾਉਣ ਲਈ ਸਹਿਯੋਗ ਦੀ ਮੰਗ ।

ਸ੍ਰੀ ਮਾਨ ਜੀ,

ਨਿਮਰਤਾ ਸਹਿਤ ਬੇਨਤੀ ਤਿੀ ਜਾਂਦੀ ਹੈ ਕਿ ਪੰਜਾਬ ਸਰਕਾਰ ਤੇ ਮਨੈਜਮੇਟ ਦੇ ਨਕਾਰਤਮਕ ਰਵੱਈਆ ਕਾਰਨ ਬਿਜਲੀ ਮੁਲਾਜਮਾਂ ਦੀ ਇੱਕ ਮਹੱਤਵਪੂਰਨ ਮੰਗ ਪੈ ਬੈਡ 1/12/2011 ਤੋ ਪੰਜਾਬ ਸਰਕਾਰ ਦੀ ਤਰਜ਼ ਤੇ ਲਾਗੂ ਕਰਵਾਉਣ ਲਈ ਬਿਜਲੀ ਮੁਲਾਜਮ ਪਿਛਲੇ 10 ਸਾਲਾ ਤੋ ਸੰਘਰਸ਼ ਕਰ ਰਹੇ ਹਨ, ਮਨੇਜਮੇਟ ਤੇ ਸਰਕਾਰ ਮੀਟਿੰਗਾਂ ਦੇ ਕੇ ਢੰਗ ਟਪਾਉ , ਲਾਰਾ ਲਾਉ ਨੀਤੀ ਅਖਤਿਆਰ ਕਰਦੇ , ਗੈਰ ਕਾਨੂੰਨੀ ਢੰਗ ਨਾਲ ਬਿਜਲੀ ਮੁਲਾਜਮਾਂ ਦਾ ਇਹ ਹੱਕ ਮਾਰ ਕੇ ਰੱਖਿਆ ਹੋਇਆ ਹੈ ,ਪੰਜਾਬ ਸਰਕਾਰ ਨੇ 1/12/11 ਨੂੰ ਸਕੇਲਾਂ ਵਿਚ ਪੰਜਾਬ ਅੰਦਰ ਸੋਧ ਕਰ ਦਿੱਤੀ ਗਈ ਸੀ , ਪੰਜਾਬ ਸਰਕਾਰ ਨੇ ਇਹ ਪੈ ਬੈਡ 1/12/11 ਤੋ ਆਪਣੇ ਮੁਲਾਜਮਾ ਤੇ ਲਾਗੂ ਕਰ ਦਿੱਤਾ ਗਿਆ , ਲੇਕਿਨ ਬਿਜਲੀ ਮੁਲਾਜਮਾ ਦੀਆ 4 ਤੋ 9 ਕੈਟਾਗਰੀਆ ਨੂੰ ਇਹ ਪੈ ਬੈਡ ਨਹੀ ਦਿੱਤਾ ਗਿਆ , ਮੈਨੇਜਮੈਟ ਤੇ ਸਰਕਾਰ ਨੇ ਬਿਜਲੀ ਮੁਲਾਜਮਾ ਦੀਆ ਵੱਖ ਵੱਖ ਯੂਨੀਅਨਾਂ ਨਾਲ ਲਿਖਤੀ ਸਮਝੋਤੇ ਕਰਕੇ , ਇਹ ਪੈ ਬੈਡ 1/12/11 ਤੋ ਜਾਰੀ ਨਹੀ ਕੀਤਾ ।

ਅਖੀਰ ਪੰਜਾਬ ਦੇ ਬਿਜਲੀ ਮੁਲਾਜਮਾਂ ਦਾ ਸਬਰ ਦਾ ਬੰਨ੍ਹ ਟੁੱਟ ਗਿਆ ਤੇ ਉਹਨਾਂ ਪਿਛਲੇ ਦਿਨੀ 27/10/21 ਅਤੇ 28/11/21 ਦੀ ਵਿਰੋਧ ਵਿਚ ਸਮੂਹਕ ਛੁੱਟੀ ਦਾ ਐਲਾਨ ਕਰ ਦਿਤਾ ਗਿਆ , ਪਾਵਰ ਕਾਮ ਦੀ ਮਨੇਜਮੇਟ 26/10/21 ਅਤੇ 2/11/21 ਨੂੰ ਮੁਲਾਜਮਾਂ ਦੀਆ ਵੱਖ ਵੱਖ ਜੱਥੇਬੰਦੀਆ ਨੂੰ ਮੀਟਿੰਗਾ ਦਿੱਤੀਆ ਤੇ ਲਿਖਤੀ ਕਿਹਾ ਕਿ ਮਨੇਜਮੈਟ ਮੁਲਾਜਮਾਂ ਦੀ ਇਸ ਜਾਇਜ ਮੰਗ ਨੂੰ ਸਵੀਕਾਰ ਕਰਦੀ ਹੈ , ਤੇ ਇਹ 10/11/21 ਤੱਕ ਲਾਗੂ ਕਰ ਦਿੱਤੀ ਜਾਵੇਗੀ , ਲੇਕਿਨ ਮਨੇਜਮੇਟ ਨੇ ਆਪਣੀ ਨਕਾਰਾਤਮਿਕ ਨੀਤੀ ਕਾਰਨ 10/11/21 ਨੂੰ ਵੀ ਮੰਗ ਪੂਰੀ ਨਹੀ ਕੀਤੀ ਗਈ ਤ। ਮੁਲਾਜਮਾ ਦੀਆ ਜੱਥੇਬੰਦੀਆ ਨੇ 15 ਅਤੇ 16-10-21 ਤੱਕ ਸਮੂਹਕ ਛੁੱਟੀ ਤੇ ਵਿਰੋਧ ਕਰਨ ਲਈ ਜਾਣਗੇ ,ਲੇਕਿਨ ਮਨੇਜਮੇਟ ਨੇ ਝਗੜਾ ਖੜਾ ਕਰਵਾ ਕੇ ਮੁਲਾਜਮਾ ਨੂੰ ਸਮੂਹਿਕ ਛੁੱਟੀ ਤੇ ਜਾਣ ਲਈ ਮਜਬੂਰ ਕੀਤਾ , ਤੇ ਫਿਰ 16/11/21 ਨੂੰ ਮੁਲਾਜਮਾ ਦੀਆ ਜੱਥੇਬੰਦੀਆ ਨੂੰ ਫਿਰ ਮੀਟਿੰਗ ਦਿੱਤੀ ਤੇ ਉਹ ਮੀਟਿੰਗ ਵੀ ਬੈ ਸਿੱਟਾ ਰਹੀ ਤੇ ਮੁਲਾਜਮਾ ਨੇ ਅੱਕ ਕੇ ਸਮੂਹਕ ਛੁੱਟੀ ਵਿਚ 26/11/21 ਤੱਕ ਦਾ ਵਾਧਾ ਕਰ ਦਿੱਤਾ , ਤੇ ਮੁਲਾਜਮ ਛੁੱਟੀਆ ਤੇ ਚਲੇ ਗਏ ।

ਪੰਜਾਬ ਅੰਦਰ ਗਰਿੱਡ ਸਬ ਸਟੇਸਨ ਖਾਲੀ ਹੋ ਗਏ ,ਫੀਲਡ ਤੇ ਦਫਤਰਾ ਵਿਚੋ ਮੁਲਾਜਮ ਸਮੂਹਕ ਛੁੱਟੀ ਤੇ ਚਲੇ ਗਏ , ਪੰਜਾਬ ਅੰਦਰ ਅਰਾਜਕਤਾ, ਟਕਰਾਉ ਅਤੇ ਬਲੇਕ ਆਉਟ ਦਾ ਮਾਹੋਲ ਬਣਦਾ ਜਾ ਰਿਹਾ ਹੈ,ਜਦ ਬਿਜਲੀ ਮੁਲਾਜਮਾ ਦੀ ਮੰਗ ਜਾਇਜ ਹੈ ।

Scanned with CamScanner

ਮਿਤੀ 21/11/21 ਨੂੰ ਫਿਰ ਮੁਲਾਜਮਾ ਦੀਆ ਜੱਥੇਬੰਦੀਆ ਨੂੰ ਮੋਹਾਲੀ ਵਿਖੇ ਮੀਟਿੰਗ ਪ੍ਰਦਾਨ ਕੀਤੀ ਗਈ , ਲੇਕਿਨ ਅਫਸੋਸ ਮਨੇਜਮੈਂਟ ਨੇ ਫਿਰ ਨਕਾਰਾਤਮਕ ਰਵੱਈਆ ਅਖਤਿਆਰ ਕੀਤਾ ਤੇ ਹੁਣ ਉਹ ਕਮੇਟੀਆ ਬਣਾਉਣ ਦੀ ਰਣਨੀਤੀ ਤੇ ਆ ਗਈ ਹੈ , ਜਿਸ ਨੂੰ ਮੁਲਾਜਮਾ ਦੀਆ ਜੱਥੇਬੰਦੀਆ ਨੇ ਸਿਰੇ ਤੋਂ ਖਾਰਜ ਕਰਦੇ , ਪੰਜਾਬ ਅੰਦਰ ਸੰਘਰਸ਼ ਨੂੰ ਹੋਰ ਪ੍ਰਚੰਡ ਕਰਨ ਦਾ ਫੈਸਲਾ ਕਰ ਲਿਆ ਹੈ ।

ਮੈ ਆਪ ਜੀਨੂੰ ਬੇਨਤੀ ਜਾਂਦੀ ਹੈ ਕਿ ਇਸ ਬਿਜਲੀ ਮੁਲਾਜਮਾਂ ਦੀ ਜਾਇਜ ਮੰਗ ਨੂੰ ਮਨੇਜਮੈਂਟ ਤੇ ਸਰਕਾਰ ਕੋਲੋ ਲਾਗੂ ਕਰਵਾਉਣ ਲਈ ਗਰਿੱਡ ਸਬ ਸਟੇਸਨ ਇੰਮਪਲਾਈਜ਼ ਯੂਨੀਅਨ ਪੰਜਾਬ ਪਾਵਰਕਾਮ ਤੇ ਟਰਾਂਸਕੋ ਅਤੇ ਪੀਐਸਈਬੀ ਜੁਆਇੰਟ ਫੋਰਮ ਪੰਜਾਬ ਦਾ ਸਾਥ ਤੇ ਸਹਿਯੋਗ ਦਿੱਤਾ ਜਾਵੇ ਤਾ ਕਿ ਪੰਜਾਬ ਅੰਦਰ ਜਿਹੜੇ ਟਕਰਾਅ ਤੇ ਬਲੈਕ ਆਊਟ ਦੇ ਹਾਲਾਤ ਬਣਦੇ ਜਾ ਰਹੇ ਹਨ , ਤੇ ਵਿਰਾਮ ਲੱਗ ਸਕੇ । ਮੁਲਾਜਮ ਹੁਣ ਕਰੋ ਜਾ ਮਰੋ ਦੀ ਨੀਤੀ ਅਖਤਿਆਰ ਰ ਚੁੱਕੇ ਹਨ ਜੀ ।

ਜਨਰਲ ਸਕੱਤਰ
ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ ਪੰਜਾਬ
ਪਾਵਰ ਕਾਮ ਤੇ ਟਰਾਸਕੋ ਰਜਿ: 24

Scanned with CamScanner